ਨੰ:1/09/2011-ਰਸ1/771387/1

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈੱਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਰਾਜ ਦੇ ਸਮੂਹ ਡਵੀਜ਼ਨਾਂ ਦੇ ਕਮਿਸ਼ਨਰ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼,
ਰਾਜ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
ਰਾਜ ਦੇ ਸਮੂਹ ਤਹਿਸੀਲਦਾਰ।

ਮਿਤੀ, ਚੰਡੀਗੜ੍ਹ: 07-06-2016

ਵਿਸ਼ਾ:- ਦੂਜੇ ਰਾਜਾਂ ਤੋਂ ਪੰਜਾਬ ਵਿੱਚ ਮਾਈਗ੍ਰੇਟ (migrate) ਹੋ ਕੇ ਆਏ ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ ਦੇ ਵਿਅਕਤੀਆਂ ਨੂੰ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲਾ ਸਰਟੀਫਿਕੇਟ ਅਤੇ ਸਹੂਲਤਾਂ/ਲਾਭ ਦੇਣ ਬਾਰੇ ਸਪਸ਼ਟੀਕਰਨ।

********

ਵੱਖ-ਵੱਖ ਐਸੋਸੀਏਸ਼ਨਾਂ/ਸੰਗਠਨਾਂ ਵੱਲੋਂ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸਰਕਾਰ ਦੇ ਪੱਤਰ ਨੰ:1/13/2007-ਰਸ1/395-416 ਮਿਤੀ 16.03.2009 ਜ਼ਾਰੀ ਹੋਣ ਤੋਂ ਬਾਅਦ ਵੱਖ-ਵੱਖ ਜਿਲ੍ਹਾ ਪ੍ਰਸ਼ਾਸ਼ਨਾਂ ਵੱਲੋਂ ਦੂਜੇ ਰਾਜਾਂ ਤੋਂ ਪੰਜਾਬ ਰਾਜ ਵਿੱਚ ਮਾਈਗ੍ਰੇਟ(migrate) ਹੋ ਕੇ ਆਏ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਜਾਤੀ ਸਰਟੀਫਿਕੇਟ ਜ਼ਾਰੀ ਕਰਨੇ ਬੰਦ ਕਰ ਦਿੱਤੇ ਗਏ ਹਨ।

2. ਇਸ ਸਬੰਧ ਵਿੱਚ ਭਾਰਤ ਸਰਕਾਰ ਦੇ ਪੱਤਰ ਨੰ: BC-12025/2/76-SCT-1, ਮਿਤੀ 22.03.1977, ਪੱਤਰ ਨੰ: 16014/82-SC&BCD-1 ਮਿਤੀ 18.09.1982 ਅਤੇ ਪੱਤਰ ਨੰ: BC-16014/1/82-SC & BCD-I ਮਿਤੀ 06.08.1984 ਅਤੇ ਪੰਜਾਬ ਸਰਕਾਰ ਦੇ ਪੱਤਰ ਨੰ: 1/52/95-ਰਸ1/713-714, ਮਿਤੀ 17.1.1996, ਪੱਤਰ ਨੰ:15/13/99-ਰਸ1/1134-1135 ਮਿਤੀ 02.12.1999 ਵੱਲ ਧਿਆਨ ਦਿਵਾਉਂਦੇ ਹੋਏ ਇਹ ਸਪਸ਼ਟ ਕੀਤਾ ਜ਼ਾਂਦਾ ਹੈ ਦੂਜ਼ੇ ਰਾਜਾਂ ਤੋਂ ਪੰਜਾਬ ਵਿੱਚ ਮਾਈਗ੍ਰੇਟ ਹੋ ਕੇ ਆਏ ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਵਿਅਕਤੀਆਂ ਨੂੰ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲਾ ਸਰਟੀਫਿਕੇਟ ਜ਼ਾਰੀ ਕੀਤੇ ਜਾਣੇ ਹਨ, ਭਾਵੇਂ ਉਸ ਵਿਅਕਤੀ ਦੀ ਜਾਤੀ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਦੀ ਸੂਚੀ ਵਿੱਚ ਸ਼ਾਮਿਲ ਵੀ ਨਾ ਹੋਵੇ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਮਾਈਗ੍ਰੇਟਿਡ ਵਿਅਕਤੀ ਕੇਵਲ ਆਪਣੇ ਉੱਤਪਤੀ ਰਾਜ (State of Origin) ਤੋਂ ਹੀ ਲਾਭ ਲੈ ਸਕਦੇ ਹਨ ਅਤੇ ਇਹ ਮਾਈਗ੍ਰੇਟਿਡ ਵਿਅਕਤੀ ਪੰਜਾਬ ਰਾਜ ਦੀਆਂ ਅਨੁਸੂਚਿਤ ਜਾਤੀਆਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਣ ਵਾਲੀਆਂ ਸਹੂਲਤਾਂ/ਲਾਭ ਦੇ ਹੱਕਦਾਰ ਨਹੀਂ ਹਨ। ਭਾਰਤ ਸਰਕਾਰ ਦੀਆਂ ਉਪਰੋਕਤ ਹਦਾਇਤਾਂ ਦੀ ਕਾਪੀ ਭਲਾਈ ਵਿਭਾਗ ਦੀ ਵੈਬਸਾਈਟ ਦੇ ਪੇਜ਼ http://welfarepunjab.gov.in/Policies.html ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

3. ਭਾਰਤ ਸਰਕਾਰ ਵੱਲੋਂ ਪੱਤਰ ਨੰ: BC-12025/2/76-SCT-1, ਮਿਤੀ 22.03.1977 ਰਾਹੀਂ ਸਪਸ਼ਟ ਕੀਤਾ ਗਿਆ ਹੈ ਕਿ ਭਾਰਤ ਦੇ ਰਾਸ਼ਟਰਪਤੀ ਜੀ ਵੱਲੋਂ ਸਮੇਂ-ਸਮੇਂ ਤੇ ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲ਼ਈ ਵੱਖ-ਵੱਖ ਜਾਤੀਆਂ/ਕਬੀਲਿਆਂ ਨੂੰ ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ

ਵਜੋਂ ਨੋਟੀਫਾਈ ਕੀਤਾ ਗਿਆ ਹੈ। (ਸਮੂਹ ਰਾਜ਼ਾਂ ਦੀ ਅਨੁਸੂਚਿਤ ਜਾਤੀਆਂ ਸਬੰਧੀ 2007 ਤੱਕ ਸੋਧੇ ਗਏ THE CONSTITUTION (SCHEDULED CASTES) ORDER, 1950 ਦੀ ਕਾਪੀ ਅਤੇ ਅਨੁਸੂਚਿਤ ਕਬੀਲਿਆਂ ਸਬੰਧੀ 2002 ਤੱਕ ਸੋਧੇ ਗਏ THE CONSTITUTION (SCHEDULED TRIBES) ORDER, 1950 ਦੀ ਕਾਪੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਦੀ ਵੈਬਸਾਈਟ http://welfarepunjab.gov.in/Act.html ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ। ਕਿਸੇ ਜਾਤੀ ਨੂੰ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਵਜ਼ੋਂ ਨੋਟੀਫਾਈ ਕਰਨ ਦੀ ਮਿਤੀ ਵਾਲੇ ਦਿਨ, ਉਸ ਜਾਤੀ/ਕਬੀਲੇ ਨਾਲ ਸਬੰਧਤ ਵਿਅਕਤੀ ਦੀ ਰਿਹਾਇਸ਼(Residence) ਦੀ ਵਿਸ਼ੇਸ਼ ਮਹੱਤਤਾ ਹੈ। ਇਨ੍ਹਾਂ ਹਦਾਇਤਾਂ ਵਿੱਚ ਰਿਹਾਇਸ਼(residence) ਦਾ ਮਤਲਬ ਹੇਠ ਅਨੁਸਾਰ ਹੈ:-

> "The residence has not to be understood in the literal or ordinary sense of the word. On the Other hand it connotes the permanent residence of a person on the date of notification of the Presidential Order scheduling his caste/tribe in relation to that locality"

4. ਇਸ ਤਰ੍ਹਾਂ ਜਿਹੜੇ ਵਿਅਕਤੀ, ਉਨ੍ਹਾਂ ਦੀ ਜਾਤੀ ਪੰਜਾਬ ਰਾਜ ਦੀ ਅਨੁਸੂਚਿਤ ਜਾਤੀ ਨੋਟੀਫਾਈ ਹੋਣ ਵਾਲੇ ਦਿਨ, ਪੰਜਾਬ ਰਾਜ ਦੇ ਪੱਕੇ ਵਸਨੀਕ(Permanent Resident) ਸਨ, ਉਹ, ਉਨ੍ਹਾਂ ਦੇ ਬੱਚੇ, ਉਨ੍ਹਾਂ ਦੇ ਬੱਚਿਆਂ ਦੇ ਬੱਚੇ ਇਤਆਦਿ ਹੀ ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਹਨ ਅਤੇ ਅਨੁਸੂਚਿਤ ਜਾਤੀ ਦਾ ਲਾਭ ਲੈਣ ਸਬੰਧੀ ਉਕਤ ਵਿਅਕਤੀਆਂ ਦਾ ਉੱਤਪਤੀ ਰਾਜ(State of Origin) ਪੰਜਾਬ ਹੈ। ਪੰਜਾਬ ਰਾਜ ਤੋਂ ਇਲਾਵਾ ਭਾਰਤ ਦੇ ਕਿਸੇ ਹੋਰ ਰਾਜ/ਸੰਘ-ਸ਼ਾਸਿਤ ਖੇਤਰ ਦੀ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਜਿਹੜੇ ਵਿਅਕਤੀ, ਆਪਣੇ ਉੱਤਪਤੀ ਰਾਜ(State of Origin) ਤੋਂ ਪੰਜਾਬ ਰਾਜ ਵਿੱਚ ਆਏ ਹਨ, ਅਨੁਸੂਚਿਤ ਜਾਤੀ ਦਾ ਲਾਭ ਲੈਣ ਸਬੰਧੀ ਉਨ੍ਹਾਂ ਨੂੰ ਮਾਈਗ੍ਰੇਟਿਡ(migrated) ਵਿਅਕਤੀ ਮੰਨਿਆ ਜਾਣਾ ਹੈ। ਇਨ੍ਹਾਂ ਮਾਈਗ੍ਰੇਟਿਡ ਵਿਅਕਤੀਆਂ ਨੂੰ ਜ਼ਾਰੀ ਕੀਤੇ ਜਾਣ ਵਾਲੇ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲਾ ਦੇ ਸਰਟੀਫਿਕੇਟ ਦਾ ਫਾਰਮਟ ਅਨੁਲੱਗ-"ੳ" ਵਜ਼ੋਂ ਨਾਲ ਨੱਥੀ ਹੈ।

5. ਭਾਰਤ ਸਰਕਾਰ ਦੀਆਂ ਹਦਾਇਤਾਂ ਨੰ: 16014/82-SC&BCD-1 ਮਿਤੀ 18.09.1982 ਅਤੇ ਨੰ: BC-16014/1/82-SC & BCD-I ਮਿਤੀ 06.08.1984 ਅਨੁਸਾਰ ਕਿਸੇ ਮਾਈਗ੍ਰੇਟਿਡ ਵਿਅਕਤੀ ਦੇ ਮਾਤਾ-ਪਿਤਾ ਨੂੰ ਉਸ ਵਿਅਕਤੀ ਦੇ ਉੱਤਪਤੀ ਰਾਜ(State of Origin) ਦੀ ਮੁਕੱਰਰ ਅਥਾਰਟੀ(prescribed authority) ਵੱਲੋਂ ਜ਼ਾਰੀ ਅਨੁਸੂਚਿਤ ਜਾਤੀ ਸਰਟੀਫਿਕੇਟ ਦੇ ਅਧਾਰ ਤੇ ਮਾਈਗ੍ਰੇਟਿਡ ਵਿਅਕਤੀ ਨੂੰ ਅਨੁਸੂਚਿਤ ਜਾਤੀ ਸਰਟੀਫਿਕੇਟ ਜ਼ਾਰੀ ਕੀਤਾ ਜਾ ਸਕਦਾ ਹੈ ਪਰੰਤੂ ਜੇਕਰ ਸਰਟੀਫਿਕੇਟ ਜ਼ਾਰੀ ਕਰਨ ਵਾਲੀ ਅਥਾਰਟੀ ਨੂੰ ਲੱਗਦਾ ਹੈ ਕਿ ਮਾਈਗ੍ਰੇਟਿਡ ਵਿਅਕਤੀ ਨੂੰ ਅਨੁਸੂਚਿਤ ਜਾਤੀ ਸਰਟੀਫਿਕੇਟ ਜ਼ਾਰੀ ਕਰਨ ਤੋਂ ਪਹਿਲਾਂ ਵਿਸਤ੍ਰਤ ਜਾਂਚ ਕਰਨ ਦੀ ਲੋੜ ਹੈ, ਤਾਂ ਉਕਤ ਜਾਂਚ ਤੋਂ ਬਾਅਦ ਸਰਟੀਫਿਕੇਟ ਜ਼ਾਰੀ ਕੀਤਾ ਜਾ ਸਕਦਾ ਹੈ। ਜੇਕਰ ਮ ਾਈਗ੍ਰੇਟਿਡ ਵਿਅਕਤੀ ਆਂ ਨੂੰ ਅਨ੍ ਸੂਚਿਤ ਜਾਤੀ ਦੇ ਸ ਰਟੀਫਿਕੇਟ e -district application/ਸੁਵਿਧਾ ਸੈਂਟਰਾਂ ਰਾਹੀਂ ਹਾਲੇ ਜ਼ਾਰੀ ਨਹੀਂ ਹੋ ਸਕਦੇ, ਤਾਂ ਫਿਲਹਾਲ ਇਹ ਸਰਟੀਫਿਕੇਟ ਮੈਨੁਅਲ ਤੌਰ ਤੇ ਹੀ ਜ਼ਾਰੀ ਕੀਤੇ ਜਾਣ ਤਾਂ ਜੋ ਇਨ੍ਹਾਂ ਮਾਈਗ੍ਰੇਟਿਡ ਵਿਅਕਤੀਆਂ ਨੂੰ ਭਾਰਤ ਸਰਕਾਰ/ਉਨ੍ਹਾਂ ਦੇ ਉੱਤਪਤੀ ਰਾਜ ਤੋਂ ਅਨੁਸੂਚਿਤ ਜਾਤੀ ਦੇ ਲਾਭ ਮਿਲ ਸਕੇ।

6. ਭਲਾਈ ਵਿਭਾਗ ਦੀਆਂ ਇਨ੍ਹਾਂ ਹਦਾਇਤਾਂ ਅਤੇ ਭਾਰਤ ਸਰਕਾਰ ਦੀਆਂ ਉਪਰੋਕਤ ਸਮੂਹ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਸਕੱਤਰ ਭਲਾਈ

6/6/2016

ਉਪਰੋਕਤ ਦਾ ਇੱਕ ਉਤਾਰਾ ਨਿਮਨਲਿਖਿਤ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

ਸਕੱਤਰ ਭਲਾਈ
6/6/2016

ਸੇਵਾ ਵਿਖੇ

1. ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼,
2. ਰਾਜ ਦੇ ਸਮੂਹ ਪ੍ਰਮੁੱਖ ਸਕੱਤਰ ਅਤੇ
3. ਰਾਜ ਦੇ ਸਮੂਹ ਪ੍ਰਬੰਧਕੀ ਸਕੱਤਰ।

ਅੰ.ਵਿ.ਪੱ.ਨੰ:1/09/2011-ਰਸ1/771387/2 ਮਿਤੀ, ਚੰਡੀਗੜ੍ਹ:07-06-2016

ਪਿੱਠ ਅੰਕਣ ਨੰ:1/09/2011-ਰਸ1/771387/3 ਮਿਤੀ, ਚੰਡੀਗੜ੍ਹ:07-06-2016

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ।
2. ਚੇਅਰਮੈਨ, ਪੰਜਾਬ ਅਨੁਸੂਚਿਤ ਜਾਤੀਆਂ ਕਮਿਸ਼ਨ।

ਸਕੱਤਰ ਭਲਾਈ
6/6/2016

ਅਨੁਲੱਗ "ੳ"

# FORM OF CASTE CERTIFICATE FOR MIGRATED SC/ST

## GOVERNMENT OF PUNJAB

**Office of the______________District___________**

**Certificate of Scheduled Caste/Scheduled Tribe***

This is to certify that Shri/Shrimati/Kumari* ______________________________ Son/Daughter* of____________________ of Village/Town*____________________ in District/Division*____________________ of the State/Union Territory* ___(ਉੱਤਪਤੀ ਰਾਜ/ਸੰਘ ਸ਼ਾਸਿਤ ਖੇਤਰ)___ belongs to the____________________Caste/Tribe* which is recognised as a Scheduled Caste/Tribe* under :

@The Constitution Scheduled Castes Order, 1950.
@The Constitution Scheduled Tribes Order, 1950.
@The Constitution (Scheduled Castes) (Union Territories) (Part C States) Order, 1951;
@The Constitution (Scheduled Tribes) (Union Territories) (Part C States) Order, 1951;
[As amended by the Scheduled Castes and Scheduled Tribes List (Modification Order, 1956, the Bombay Reorganisation Act, 1960, the Punjab Reorganisation Act, 1966, the State of Himachal Pradesh Act, 1970, the North Eastern Areas (Reorganisation) Act, 1971 and the Scheduled Castes and Scheduled Tribes Orders (Amendment) Act, 1976.]
@The Constitution (Jammu and Kashmir)* Scheduled Castes Orders, 1956.
@The Constitution (Andaman and Nicobar Islands)* Scheduled Tribes Order, 1959, as amended by the Scheduled Castes and Scheduled Tribes Orders (Amendment) Act, 1976
@The Constitution (Dadra and Nagar Haveli)* Scheduled Castes Order, 1962.
@The Constitution (Dadra and Nagar Haveli)* Scheduled Tribes Order, 1962.
@The Constitution (Pondicherry) Scheduled Castes Order, 1964.
@The Constitution (Uttar Pradesh) Scheduled Tribes Order, 1967.
@The Constitution (Goa, Daman and Diu) Scheduled Castes Order, 1968.
@The Constitution (Goa, Daman and Diu) Scheduled Tribes Order, 1968.
@The Constitution (Nagaland) Scheduled Tribes Order, 1970.
@The Constitution (Sikkim) Scheduled Castes Order, 1978
@The Constitution (Sikkim) Scheduled Tribes Order, 1978
@The Constitution (Jammu & Kashmir) Scheduled Tribes Order, 1989.
@The Constitution (SC) Orders (Amendment) Act, 1990.
@The Constitution (ST) Orders (Amendment) Ordinance Act, 1991.
@The Constitution (ST) Orders (Amendment) Ordinance Act, 1996.
@The Constitution (Scheduled Castes) Orders (Amendment) Act, 2002.
@The Constitution (Scheduled Castes) Orders (Second Amendment) Act, 2002.
@The Scheduled Castes and Scheduled Tribes Orders (Amendment) Act, 2002.
@The Constitution (Scheduled Castes) Order (Amendment) Act, 2007.
@The Constitution (Scheduled Castes) Order (Amendment) Act, 2016.

%2. This certificate is issued on the basis of the Scheduled Castes/Scheduled Tribes* Certificate issued to Shri/Shrimati* ____________________ father/mother* of Shri/Shrimati/Kumari*____________________ of Village/Town* ____________________ in District/Division*____________________ of the State/Union Territory* __________ who belongs to the__________________Caste/Tribe* which is recognised as a Scheduled Caste/Scheduled Tribe* in the State/Union Territory* ____________________ issued by the _______(ਜਿਹੜੀ ਅਥਾਰਟੀ ਵੱਲੋਂ ਸਰਟੀਫਿਕੇਟ ਜ਼ਾਰੀ ਕੀਤਾ ਗਿਆ ਹੈ, ਉਸ ਦਾ ਨਾਮ) vide their No_______________ dated _______________.

%3. Shri/Shrimati/Kumari*____________ and /or* his/her* family ordinarily reside(s) in Village/Town*_________________________ of ______________District/Division* of the State/Union Territory * of__________________________.

Place :
Date :

Signature ______________________
Designation ______________________
(with seal of Office)
State/Union Territory ______________

Note : (a) The term 'ordinarily reside(s)' used here will have the same meaning as in Section 20 of the Representation of the People Act, 1950.

* ਜਿਹੜੇ ਸ਼ਬਦ ਲਾਗੂ ਨਹੀਂ ਹਨ, ਉਹ ਕੱਟ ਦਿੱਤੇ ਜਾਣ।

@ ਜਿਹੜਾ Presedential Order ਲਾਗੂ ਹੋਵੇ, ਉਸਦਾ ਹਵਾਲਾ ਦਿੱਤਾ/quote ਕੀਤਾ ਜਾਵੇ।

% ਜਿਹੜਾ ਪੈਰ੍ਹਾ ਲਾਗੂ ਨਹੀਂ ਹੁੰਦਾ, ਉਹ ਕੱਟ ਦਿੱਤਾ ਜਾਵੇ।